**ਮਿਤੀ 6.10.2010 ਨੂੰ ਮਾਨਯੋਗ ਸ੍ਰੀ ਤੀਕਸ਼ਨ ਸੂਦ, ਕਿਰਤ ਮੰਤਰੀ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਹੋਈ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਚੌਥੀ ਮੀਟਿੰਗ ਦੀ ਕਾਰਵਾਈ ਰਪੋਟ।**

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਚੌਥੀ ਮੀਟਿੰਗ ਮਿਤੀ 6.10.2010 ਨੂੰ ਬੋਰਡ ਦੇ ਚੇਅਰਮੈਨ ਮਾਨਯੋਗ ਕਿਰਤ ਮੰਤਰੀ ਸ੍ਰੀ ਤੀਕਸ਼ਨ ਸੂਦ ਦੀ ਪ੍ਰਧਾਨਗੀ ਹੇਠ ਬਾਅਦ ਦੁਪਹਿਰ 4.00 ਵਜੇ ਸਰਕਟ ਹਾਊਸ ਸੈਕਟਰ 39 ਚੰਡੀਗੜ੍ਹ ਵਿੱਖੇ ਹੋਈ ਜਿਸ ਵਿੱਚ ਹੇਠ ਲਿਖੇ ਮੈਂਬਰਾਂ/ਪ੍ਰਤਿਨਿਧਾਂ ਨੇ ਭਾਗ ਲਿਆ:

| | | |
|---|---|---|
| 1. | ਸ੍ਰੀ ਆਰ.ਸੀ.ਨਈਅਰ ਆਈ.ਏ.ਐਸ<br>ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਕਿਰਤ ਵਿਭਾਗ | ਮੈਂਬਰ |
| 2. | ਸ੍ਰੀ ਪ੍ਰਭਜੋਤ ਸਿੰਘ ਮੰਡ ਆਈ.ਏ.ਐਸ<br>ਕਿਰਤ ਕਮਿਸ਼ਨਰ ਪੰਜਾਬ | ਮੈਂਬਰ ਸਕੱਤਰ |
| 3. | ਸ੍ਰੀ ਏ.ਕੇ.ਬਾਂਸਲ ਐਕਸੀਅਨ<br>ਸਿੰਚਾਈ ਅਤੇ ਪਾਵਰ ਵਿਭਾਗ ਪੰਜਾਬ | ਪ੍ਰਤਿਨਿੱਧੀ |
| 4. | ਸ੍ਰੀ ਅਰਵਿੰਦਰ ਸਿੰਘ,<br>ਸੁਪਰਡੰਟ ਇੰਜੀਨੀਅਰ,<br>ਲੋਕ ਨਿਰਮਾਣ (ਬੀ ਐਂਡ ਆਰ)<br>ਵਿਭਾਗ, ਪੰਜਾਬ | ਪ੍ਰਤਿਨਿੱਧੀ |
| 5. | ਸ੍ਰੀ ਸੋਮ ਨਾਥ, ਲੁਧਿਆਣਾ | ਮੈਂਬਰ |
| 6. | ਸ੍ਰੀ ਗਗਨਪਾਲ ਸਿੰਘ, ਹੁਸ਼ਿਆਰਪੁਰ | ਮੈਂਬਰ |
| 7. | ਸ੍ਰੀ ਰਾਜਿੰਦਰ ਮਿਤਲ, ਬਠਿੰਡਾ | ਮੈਂਬਰ |
| 8. | ਸ੍ਰੀ ਸੁਭਾਸ਼ ਰਾਮ ਪਾਲ, ਹੁਸ਼ਿਆਰਪੁਰ | ਮੈਂਬਰ |
| 9. | ਸ੍ਰੀ ਕਰਤਾਰ ਸਿੰਘ ਰਾਠੌਰ, ਜਲੰਧਰ | ਮੈਂਬਰ |
| 10. | ਸ੍ਰੀ ਦੀਪਕ ਤਾਇਲ, ਜਲੰਧਰ | ਮੈਂਬਰ |
| 11. | ਸ੍ਰੀ ਇੰਦਰੇਸ਼ ਮੋਹਨ ਹਿੰਦੂਜਾ, ਰੋਪੜ | ਮੈਂਬਰ |

ਮੀਟਿੰਗ ਦੇ ਆਰੰਭ ਵਿੱਚ ਮਾਨਯੋਗ ਚੇਅਰਮੈਨ ਜੀ ਅਤੇ ਮੈਂਬਰ ਸਹਿਬਾਨ ਵਲੋਂ ਬੋਰਡ ਦੇ ਮੈਂਬਰ ਸ੍ਰੀ ਰਣਜੀਤ ਕੁਮਾਰ ਦੇ ਅਚਾਨਕ ਸੁਵਰਗਵਾਸ ਹੋ ਜਾਣ ਤੇ ਸ਼ੋਕ ਦਾ ਮਤਾ ਪਾਸ ਕੀਤਾ ਅਤੇ ਉਨ੍ਹਾਂ ਦੀ ਆਤਮਕ ਸ਼ਾਂਤੀ ਲਈ ਦੋ ਮਿੰਟ ਦਾ ਮੌਨ ਵੀ ਰਖਿਆ ਗਿਆ।

## ਆਇਟਮ ਨੰ: 1 ਬੋਰਡ ਦੀ ਤੀਜੀ ਮੀਟਿੰਗ ਮਿਤੀ 11.3.2010 ਦੀ ਕਾਰਵਾਈ ਦੀ ਪੁਸ਼ਟੀ

ਮੀਟਿੰਗ ਦੀ ਕਾਰਵਾਈ ਸ਼ੁਰੂ ਕਰਨ ਸਮੇਂ ਬੋਰਡ ਦੇ ਸਕੱਤਰ ਜੀ ਵਲੋਂ ਦਸਿਆ ਕਿ ਬੋਰਡ ਦੀ ਤੀਜੀ ਮੀਟਿੰਗ ਮਿਤੀ 11.3.2010 ਦੀ ਕਾਰਵਾਈ ਸਮੂਹ ਮੈਂਬਰਾਂ ਨੂੰ ਪੱਤਰ ਨੰ: ਬਕਵਵਬ-1/10/9271-86 ਮਿਤੀ 9.4.2010 ਰਾਹੀਂ ਭੇਜੀ ਗਈ ਸੀ ਜਿਸ ਬਾਰੇ ਕਿਸੇ ਮੈਂਬਰ ਵਲੋਂ ਕੋਈ ਇਤਰਾਜ ਪ੍ਰਾਪਤ ਨਹੀਂ ਹੋਇਆ। ਮੈਂਬਰ ਸਾਹਿਬਾਨ ਵਲੋਂ ਪਿਛਲੀ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ। ਜਿੱਥੋਂ ਤੱਕ ਆਇਟਮ ਨੰ: 8 ਦਾ ਸਬੰਧ ਹੈ ਨੂੰ ਅੱਜ ਦੀ ਮੀਟਿੰਗ ਵਿੱਚ ਆਈਟਮ ਨੰ 2 ਤੇ ਵਿਚਾਰਿਆ ਗਿਆ।

ਪ੍ਰਮੁੱਖ ਸਕੱਤਰ ਜੀ ਦੇ ਆਦੇਸ਼ਾ ਅਨੁਸਾਰ ਹਾਜ਼ਰ ਮੈਂਬਰ ਸਾਹਿਬਾਨ ਨੂੰ ਐਕਟ ਅਤੇ ਰੂਲਜ਼ ਦੀ ਇੱਕ-ਇੱਕ ਕਾਪੀ ਵੰਡੀ ਗਈ। ਉਨ੍ਹਾਂ ਵਲੋਂ ਮੈਂਬਰ ਸਾਹਿਬਾਨ ਨੂੰ ਇਹ ਵੀ ਜਾਣਕਾਰੀ ਦਿੱਤੀ ਗਈ ਕਿ ਕੇਰਲਾ, ਆਂਧਰਾ ਪ੍ਰਦੇਸ਼ ਅਤੇ ਕਰਨਾਟਕਾ ਵਰਗੀਆਂ ਦੂਜੀਆਂ ਸਟੇਟਾਂ ਵਲੋਂ ਉਸਾਰੀ ਕਿਰਤੀਆਂ ਦੀ ਭਲਾਈ ਸਕੀਮਾਂ ਅਤੇ ਉਨ੍ਹਾਂ ਦੀ ਕਾਰਗੁਜਾਰੀ ਬਾਰੇ ਅਧਿਐਨ ਕਰਨ ਕਰਨ ਲਈ ਸ੍ਰੀ ਹਰੀਸ਼ ਨਈਅਰ ਵਧੀਕ ਕਿਰਤ ਕਮਿਸ਼ਨਰ-ਕਮ-ਸਲਾਹਕਾਰ ਨੂੰ ਭੇਜਿਆ ਗਿਆ ਸੀ। ਸ੍ਰੀ ਹਰੀਸ਼ ਨਈਅਰ ਵਲੋਂ ਇਨ੍ਹਾਂ ਸਟੇਟਾਂ ਵਿੱਚ ਕੰਮ ਕਰ ਰਹੇ ਬੋਰਡਾਂ ਦੇ ਕੰਮਕਾਜ ਅਤੇ ਉਸਾਰੀ ਕਿਰਤਆਂ ਲਈ ਕਿਰਤ ਭਲਾਈ ਸਕੀਮਾਂ ਬਾਰੇ ਵਿਸਥਾਰ ਵਿੱਚ ਮੈਂਬਰ ਸਾਹਿਬਾਨ ਨੂੰ ਜਾਣੂ ਕਰਵਾਇਆ ਗਿਆ ਜਿਸਦੇ ਪ੍ਰਤਿਕਰਮ ਵਿੱਚ ਕੁੱਝ ਮੈਂਬਰਾਂ ਵਲੋਂ ਸੁਝਾਅ ਦਿੱਤੇ ਗਏ ਜੋ ਇਸ ਪ੍ਰਕਾਰ ਹਨ:

- ਸ਼ੁਰੂਆਤ ਵਿੱਚ ਉਸਾਰੀ ਕਾਮਿਆਂ ਲਈ ਤਕਨੀਕੀ ਕਿਸਮ ਦੀਆਂ ਟ੍ਰੇਨਿੰਗ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ, ਜਿਸ ਵਾਸਤੇ ਟ੍ਰੇਨਿੰਗ ਸੰਸਥਾਵਾਂ ਅਤੇ ਉਨ੍ਹਾਂ ਲਈ ਟ੍ਰੇਂਡ ਸਟਾਫ ਵੀ ਆਪਣਾ ਹੋਵੇ ਤਾਂ ਜੋ ਉਸਾਰੀ ਕਾਮੇ ਤਕਨੀਕੀ ਸਿਖਿਆ ਹਾਸਲ ਕਰਕੇ ਆਪਣੇ ਪਰਿਵਾਰ ਲਈ ਰੋਜੀ ਰੋਟੀ ਕਮਾਉਣ ਦੇ ਯੋਗ ਹੋ ਸਕਣ।
- ਬੋਰਡ ਵਲੋਂ ਉਸਾਰੀ ਕਾਮਿਆਂ ਦੀ ਭਲਾਈ ਲਈ ਲਾਗੂ ਕਿਰਤ ਭਲਾਈ ਸਕੀਮਾਂ ਦਾ ਲਾਭ ਪਹੁੰਚਾਣ ਬਾਰੇ ਸ੍ਰੀ ਸੁਭਾਸ਼ ਰਾਮਪਾਲ ਮੈਂਬਰ ਦਾ ਵਿਚਾਰ ਸੀ ਕਿ ਜਿਥੇ ਉਸਾਰੀ ਦਾ ਕੰਮ ਚਲ ਰਿਹਾ ਹੋਵੇ ਉਥੇ ਬੋਰਡ ਵਲੋਂ ਅਧਿਕਾਰੀ ਨੂੰ ਦਿੱਤੀ ਗਈ ਗੱਡੀ ਲੈਕੇ ਜਾਇਆ ਜਾਵੇ ਅਤੇ ਮੌਕੇ ਤੇ ਰਜਿਸਟ੍ਰੇਸ਼ਨ ਕਰਕੇ ਲਾਭਪਾਤਰੀ ਰਜਿਸਟਰ ਕੀਤੇ ਜਾਣ ਕਿਉਂ ਜੋ ਉਨ੍ਹਾਂ ਦੀ ਕੋਈ ਯੂਨੀਅਨ ਨਹੀਂ ਹੁੰਦੀ ਅਤੇ ਇਸਤਰਾਂ ਅਸੰਗਠਤ ਖੇਤਰ ਹੋਣ ਕਰਕੇ ਉਨ੍ਹਾਂ ਨੂੰ ਸਕੀਮਾਂ ਦੀ ਕੋਈ ਖਾਸ ਜਾਣਕਾਰੀ ਨਹੀਂ ਹੁੰਦੀ। ਬਾਕੀ ਮੈਂਬਰ ਸਹਿਬਾਨ ਦੀ ਵੀ ਰਾਏ ਸੀ ਕਿ ਸਕੀਮਾਂ ਦੇ ਪ੍ਰਚਾਰ ਦੀ ਅਤਿ ਜ਼ਰੂਰਤ ਹੈ ਤਾਂ ਜੋ ਉਸਾਰੀ ਕਿਰਤੀ ਇਨ੍ਹਾਂ ਦਾ ਵੱਧ ਤੋਂ ਵੱਧ ਲਾਭ ਉਠਾ ਸਕਣ।
- ਸ੍ਰੀ ਕਰਤਾਰ ਸਿੰਘ ਰਾਠੌਰ ਵਲੋਂ ਵਿਚਾਰ ਪੇਸ਼ ਕੀਤਾ ਗਿਆ ਕਿ ਕਿਰਤ ਭਲਾਈ ਸਕੀਮਾਂ ਬਾਰੇ ਵਿਵਰਣ ਬੋਰਡ ਦੀ ਅਗਲੀ ਮੀਟਿੰਗ ਵਿੱਚ ਪੇਸ਼ ਕੀਤਾ ਜਾਵੇ ਤਾਂ ਜੋ ਉਸਤੇ ਵਿਸਥਾਰ ਪੂਰਵਕ ਮੁੜ ਵਿਚਾਰ-ਵਟਾਂਦਰਾ ਕੀਤਾ ਜਾ ਸਕੇ।

- ਚੇਅਰਮੈਨ ਜੀ ਵਲੋਂ ਦਸਿਆ ਗਿਆ ਕਿ ਹੁਸ਼ਿਆਰਪੁਰ ਵਿਖੇ ਹਾਲ ਹੀ ਵਿੱਚ ਉਨ੍ਹਾਂ ਨੇ ਬਿਲਡਿੰਗ ਉਸਾਰੀ ਦੇ ਮਾਲਕਾਂ ਅਤੇ ਠੇਕੇਦਾਰਾਂ ਦੀ ਮੀਟਿੰਗ ਕੀਤੀ ਜਿਸ ਵਿੱਚ ਵਿਭਾਗ ਦੇ ਅਧਿਕਾਰੀ ਵੀ ਸ਼ਾਮਲ ਸਨ। ਮੀਟਿੰਗ ਵਿੱਚ ਇਸ ਗੱਲ ਤੇ ਜੋਰ ਦਿੱਤਾ ਗਿਆ ਕਿ ਉਸਾਰੀ ਕਾਮਿਆਂ ਦੀ ਭਲਾਈ ਲਈ ਸਰਕਾਰੀ ਵਿਭਾਗ (ਪੀ.ਡਬਲਿਉ.ਡੀ ਅਤੇ ਸਿੰਚਾਈ ਅਤੇ ਬਿਜਲੀ ਵਿਭਾਗ ਆਦਿ) ਵਿਖੇ ਠੇਕੇਦਾਰ ਪਾਸ ਕੰਮ ਕਰ ਰਹੇ ਉਸਾਰੀ ਕਿਰਤੀਆਂ ਦੀ ਰਜਿਸਟ੍ਰੇਸ਼ਨ ਸਬੰਧੀ ਕਿਰਤ ਵਿਭਾਗ ਦੇ ਅਧਿਕਾਰੀਆਂ ਵੱਲੋਂ ਕੋਸ਼ਿਸਾਂ ਕੀਤੀਆਂ ਜਾਣ ਅਤੇ ਹੋਰ ਸਾਰੇ ਸਬੰਧਤ ਵਿਭਾਗਾਂ ਨੂੰ ਵੀ ਪੱਤਰ ਜਾਰੀ ਕੀਤੇ ਜਾਣ। ਮਾਨਯੋਗ ਸੁਪਰੀਮ ਕੋਰਟ ਵਲੋਂ ਮਿਤੀ 18.1.2010 ਨੂੰ ਜਾਰੀ ਹਿਦਾਇਤਾਂ ਦਾ ਹਵਾਲਾ ਦਿੰਦੇ ਹੋਏ ਸਾਰੇ ਵਿਭਾਗਾਂ ਨੂੰ ਪੱਤਰ ਲਿਖੇ ਗਏ ਸਨ ਕਿ ਠੇਕੇਦਾਰ ਨਾਲ ਕੀਤੇ ਇਕਰਾਰਨਾਮੇ ਵਿੱਚ ਇਹ ਸ਼ਰਤ ਲਾਜ਼ਮੀ ਤੋਰ ਤੇ ਲਿਖੀ ਜਾਵੇ ਕਿ ਠੇਕੇਦਾਰ ਆਪਣੇ ਕਿਰਤੀਆਂ ਨੂੰ ਬੋਰਡ ਪਾਸ ਬਤੌਰ ਲਾਭਪਾਤਰੀ ਰਜਿਸਟ੍ਰੇਸ਼ਨ ਕਰਵਾਵੇਗਾ। ਸਾਰੇ ਸਬੰਧਤ ਵਿਭਾਗਾਂ ਨੂੰ ਇਸ ਸਬੰਧੀ ਯਾਦ ਪੱਤਰ ਲਿਖ ਦਿੱਤਾ ਜਾਵੇ।

**ਆਈਟਮ ਨੰ: 2 ਬੋਰਡ ਦੀ ਤੀਜੀ ਮੀਟਿੰਗ ਵਿੱਚ ਲਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਬਾਰੇ।**

ਸਕੱਤਰ ਜੀ ਵਲੋਂ ਬੋਰਡ ਦੀ ਤੀਜੀ ਮੀਟਿੰਗ ਵਿੱਚ ਆਇਟਮ-ਵਾਈਜ਼ ਲਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਬਾਰੇ ਮੈਂਬਰਾਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਜਿਸ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਪ੍ਰਵਾਨ ਕੀਤੇ ਅਤੇ ਕੁਝ ਫੈਸਲਿਆਂ ਤੇ ਪੁਨਰ-ਵਿਚਾਰ ਕਰਦੇ ਹੋਏ ਬੋਰਡ ਵਲੋਂ ਹੇਠ ਲਿਖੇ ਅਨੁਸਾਰ ਮੁੜ ਪ੍ਰੇਖਣ/ਫੈਸਲੇ ਕੀਤੇ ਗਏ:-

1. ਬੋਰਡ ਦੇ ਫੈਸਲੇ ਅਨੁਸਾਰ ਕਰਮਚਾਰੀਆਂ ਦੀ ਭਰਤੀ ਸਬੰਧੀ ਕੀਤੀ ਜਾ ਰਹੀ ਕਾਰਵਾਈ ਬਾਰੇ ਬੋਰਡ ਦੇ ਮੈਂਬਰਾਂ ਵੱਲੋਂ ਕਿਹਾ ਗਿਆ ਕਿ ਹਰ ਇੱਕ ਅਧਿਕਾਰੀ ਵਲੋਂ ਬੋਰਡ ਦੇ ਸਟਾਫ ਦੀ ਸਹਾਇਤਾ ਨਾਲ ਬੋਰਡ ਦੇ ਕੀਤੇ ਜਾ ਰਹੇ ਕੰਮਕਾਜ ਤੋਂ ਇਲਾਵਾ ਕਿੰਨੀ ਸੈਸ ਦੀ ਰਕਮ ਇੱਕਤਰ ਕੀਤੀ ਗਈ ਅਤੇ ਕਿੰਨੇ ਲਾਭਪਾਤਰੀ ਰਜਿਸਟਰ ਕੀਤੇ ਗਏ ਹਨ ਬਾਰੇ ਉਨ੍ਹਾਂ ਦੀ ਕਾਰਗੁਜ਼ਾਰੀ ਰਪੋਟ ਬੋਰਡ ਦੀ ਅਗਲੀ ਮੀਟਿੰਗ ਵਿੱਚ ਪੇਸ਼ ਕੀਤੀ ਜਾਵੇ।

2. ਬੋਰਡ ਦਾ ਕੰਮਕਾਜ ਸੁਚਾਰੂ ਢੰਗ ਨਾਲ ਚਲਾਉਣ ਅਤੇ ਤੇਜੀ ਲਿਆਉਣ ਲਈ ਜੋ ਜਿਲ੍ਹਾ ਪੱਧਰ ਤੇ ਖੇਤਰੀ ਅਧਿਕਾਰੀਆਂ ਨੂੰ ਦਿੱਤੀ ਗਈ 23 ਗੱਡੀਆਂ ਬਾਰੇ ਅਧਿਕਾਰੀਆਂ ਵਲੋਂ ਵਿਸ਼ੇਸ ਤੋਰ ਤੇ ਬੋਰਡ ਦੇ ਕੰਮਕਾਜ ਲਈ ਇਨ੍ਹਾਂ ਦੀ ਕੀਤੀ ਜਾ ਰਹੀ ਵਰਤੋਂ ਦੀ ਸਹੀ ਉਚਿੱਤਤਾ ਅਤੇ ਇੱਕਤਰ ਕੀਤੀ ਸੈਸ ਦੀ ਰਕਮ, ਰਜਿਸਟਰਡ ਕੀਤੇ ਅਦਾਰੇ ਅਤੇ ਰਜਿਸਟਡ ਕੀਤੇ ਲਾਭਪਾਤਰੀਆਂ ਬਾਰੇ ਪੂਰਨ ਤੋਰ ਮੁਲਾਂਕਣ ਕਰਕੇ ਰਪੋਟ ਅਗਲੀ ਮੀਟਿੰਗ ਵਿੱਚ ਪੇਸ਼ ਕੀਤੀ ਜਾਵੇ। ਇਸ ਤੋਂ ਇਲਾਵਾ ਜਿਨ੍ਹਾਂ ਅਧਿਕਾਰੀਆਂ ਨੂੰ ਗਡੀਆਂ ਦਿੱਤੀਆਂ ਗਈਆਂ ਹਨ ਦੀ ਸੂਚੀ ਬੋਰਡ ਦੀ ਅਗਲੀ ਮੀਟਿੰਗ ਵਿੱਚ ਪੇਸ਼ ਕੀਤੀ ਜਾਵੇ।

3. ਬੋਰਡ ਵਲੋਂ ਪਹਿਲਾਂ ਪ੍ਰਵਾਨ ਕੀਤੀ ਨਵੀਂ ਐਕਸਗ੍ਰੇਸ਼ੀਆ ਸਕੀਮ ਵੇਰਵਿਆਂ ਤੇ ਸਹਿਤ ਤਿਆਰ ਕਰਕੇ ਬੋਰਡ ਦੇ ਮੈਂਬਰਾਂ ਨੂੰ ਜਾਣਕਾਰੀ ਹਿਤ ਭੇਜੀ ਜਾਵੇ।

4. ਸਕੱਤਰ ਬੋਰਡ ਵੱਲੋਂ ਸੁਝਾਅ ਦਿੱਤਾ ਗਿਆ ਕਿ ਬਿਲਡਿੰਗ ਬਨਾਉਣ ਲਈ ਜੋ ਆਰਕੀਟੈਕਟਾਂ ਤੋਂ ਐਕਸਪ੍ਰੇਸ਼ਨ ਆਫ ਇੰਟਰਸਟ (Expression of Interest) ਮੰਗੇ ਗਏ ਹਨ ਅਤੇ ਕਿਸੇ ਇੱਕ ਆਰਕੀਟੈਕਟ ਨੂੰ ਕੰਮ ਸੌਂਪਣ ਬਾਰੇ ਫੈਸਲਾ ਕਰਨਾ ਹੈ ਉਸ ਬਾਰੇ ਉਚਿਤ ਹੋਵੇਗਾ ਕਿ ਇਸਦਾ ਨਕਸ਼ਾ ਚੀਫ ਆਰਕੀਟੈਕਟ ਤੋਂ ਤਿਆਰ ਕਰਵਾ ਕੇ ਬਿਲਡਿੰਗ ਦਾ ਨਿਰਮਾਣ, ਭਵਨ ਤੇ ਨਿਰਮਾਣ ਵਿਭਾਗ ਵੱਲੋਂ ਕਰਵਾ ਲਿਆ ਜਾਵੇ ਕਿਉਂ ਜੋ ਇਹ ਸਰਕਾਰ ਦਾ ਨਿਰਮਾਣ ਸਬੰਧੀ ਸਪੈਸ਼ਲਿਸਟ ਮਹਿਕਮਾ ਹੈ।ਬੋਰਡ ਦੇ ਮੈਂਬਰਾਂ ਵੱਲੋਂ ਕਿਹਾ ਗਿਆ ਕਿ ਸਰਕਾਰੀ ਮਹਿਕਮੇ ਤੋਂ ਨਿਰਮਾਣ ਕਰਵਾਉਣ ਨਾਲ ਦੇਰੀ ਹੋਣ ਦੀ ਸੰਭਾਵਨਾ ਹੈ।ਇਸ ਲਈ ਪ੍ਰਾਈਵੇਟ ਬਿਲਡਰਜ਼ ਤੋਂ ਇਹ ਕੰਮ ਕਰਵਾਉਣਾ ਉਚਿਤ ਹੋਵੇਗਾ।ਪ੍ਰਮੁੱਖ ਸਕੱਤਰ ਜੀ ਵੱਲੋਂ ਕਿਹਾ ਗਿਆ ਕਿ ਫਾਰੈਸਟ ਵਿਭਾਗ ਦੀ ਤਰਜ਼ ਤੇ ਵਿਭਾਗ ਦੇ ਅਧਿਕਾਰੀਆਂ ਦੀ ਕਮੇਟੀ ਰਾਹੀਂ ਕੰਮ ਕਰਵਾਉਣ ਲਈ ਵਿਚਾਰਿਆ ਜਾਵੇ। ਕਿਰਤ ਕਮਿਸ਼ਨਰ ਜੀ ਵੱਲੋਂ ਕਿਹਾ ਗਿਆ ਕਿ ਵਿਭਾਗ ਵਿੱਚ ਅਧਿਕਾਰੀਆਂ ਦੀ ਘਾਟ ਹੈ।ਇਸ ਲਈ ਇਸ ਕੰਮ ਲਈ ਅਧਿਕਾਰੀਆਂ ਦੀ ਕਮੇਟੀ ਬਨਾਉਣਾ ਸੰਭਵ ਨਹੀਂ ਹੈ।ਪ੍ਰਮੁੱਖ ਸਕੱਤਰ ਕਿਰਤ ਜੀ ਵੱਲੋਂ ਇਸ ਨੂੰ Turn key basis ਤੇ ਪ੍ਰਾਇਵੇਟ ਕੰਪਨੀਆਂ ਤੋਂ ਕਰਵਾਉਣ ਦੀ ਸਲਾਹ ਦਿੱਤੀ ਅਤੇ ਟੈਂਡਰ ਰਾਹੀਂ ਉਨ੍ਹਾਂ ਤੋਂ ਉਸ ਦੀ ਲਾਗਤ ਦਾ ਅਨੁਮਾਨ ਲਿਆ ਜਾ ਸਕਦਾ ਹੈ।ਬੋਰਡ ਵਲੋਂ ਪਹਿਲਾਂ ਪੁੱਡਾ/ਗਮਾਡਾ ਤੋਂ ਐਫ.ਏ.ਆਰ ਰੇਸ਼ੋ ਵਧਾਉਣ ਲਈ ਉਪਰਾਲੇ ਕਰਨ ਲਈ ਕਿਹਾ ਗਿਆ ਤਾਂ ਜੋ ਐਫ.ਏ.ਆਰ ਰੇਸ਼ੋ ਜੇ ਵਧਦੀ ਹੈ ਤਾਂ ਕਾਰਪੈਟ ਏਰੀਆ ਕਿੰਨਾ ਹੋਵੇਗਾ ਬਾਰੇ ਪਤਾ ਚਲ ਜਾਵੇਗਾ ਅਤੇ ਉਸ ਅਨੁਸਾਰ ਭਵਨ ਦਾ ਨਕਸ਼ਾ ਤਿਆਰ ਕੀਤਾ ਜਾ ਸਕਦਾ ਹੈ।ਨਾਲ ਦੀ ਨਾਲ ਵਿਭਾਗ ਨੂੰ ਏਰੀਏ ਦੀ ਕਿੰਨੀ ਲੋੜ ਹੈ ਉਸ ਦਾ ਅਨੁਮਾਨ ਲਗਾ ਲਿਆ ਜਾਵੇ।ਬੋਰਡ ਵਲੋਂ ਇਹ ਵੀ ਪ੍ਰੇਖਣ ਕੀਤਾ ਗਿਆ ਕਿ ਮੁਹਾਲੀ ਵਿਖੇ 7 ਕਨਾਲ ਦੇ ਪਲਾਟ ਤੇ ਕਿਰਤ ਭਵਨ ਦੀ ਉਸਾਰੀ ਸਬੰਧੀ ਐਫ.ਏ.ਆਰ ਦੀ ਪ੍ਰਵਾਨਗੀ ਪ੍ਰਾਪਤ ਹੋਣ ਤੇ ਉਸਾਰੀ ਦਾ ਕੰਮ ਸ਼ੁਰੂ ਕਰਨ ਲਈ ਜੋ ਸਾਢੇ ਪੰਜ ਕਰੋੜ "ਸਾਫਟ ਲੋਨ" ਅਸਾਨ ਸ਼ਰਤਾਂ ਤੇ ਪੰਜਾਬ ਲੇਬਰ ਵੈਲਫੇਅਰ ਬੋਰਡ ਨੂੰ ਦੇਣ ਬਾਰੇ ਫੈਸਲਾ ਕੀਤਾ ਗਿਆ ਹੈ ਉਸਤੇ ਪੁਨਰ ਵਿਚਾਰ ਕਰਨ ਦੀ ਜਰੂਰਤ ਹੈ ਇਸ ਲਈ ਪੰਜਾਬ ਲੇਬਰ ਵੈਅਫੇਅਰ ਬੋਰਡ ਦੀ ਵਿੱਤੀ ਸਥਿਤੀ ਬਾਰੇ ਦਸਿਆ ਜਾਵੇ ਕਿ ਕੀ ਪੰਜਾਬ ਲੇਬਰ ਵੈਲਫੇਅਰ ਬੋਰਡ ਕਰਜੇ ਦੀ ਰਕਮ ਮੋੜਨ ਦੇ ਸਮਰੱਥ ਵੀ ਹੈ।ਇਸ ਲਈ ਪਹਿਲਾਂ ਇਸ ਬੋਰਡ ਦੀ ਕੁਲ ਆਮਦਨ/ਖਰਚਿਆਂ ਦੇ ਵੇਰਵੇ ਪ੍ਰਾਪਤ ਕਰਕੇ ਇਹ ਵੇਖਿਆ ਜਾਣਾ ਜਰੂਰੀ ਬਣਦਾ ਹੈ ਕਿ ਇਸ ਦੇ ਵਿੱਤੀ ਸਾਧਨਾਂ ਮੁਤਾਬਕ ਵਿੱਤੀ ਸਥਿਤੀ ਕੀ ਹੈ ਕਿਉਂ ਜੋ ਪਲਾਟ ਦੀ ਮਲਕੀਅਤ ਪੰਜਾਬ ਲੇਬਰ ਵੈਲਫੇਅਰ ਬੋਰਡ ਦੀ ਹੈ।ਇਸੇ ਦੀ ਲਗਾਤਾਰਤਾ ਵਿੱਚ ਸਕੱਤਰ ਬੋਰਡ ਵੱਲੋਂ ਕਿਹਾ ਗਿਆ ਕਿ ਕਿਰਤ ਭਵਨ ਦੀ ਉਸਾਰੀ ਬਾਰੇ ਪੰਜਾਬ ਕਿਰਤ ਭਲਾਈ ਬੋਰਡ ਦੀ ਮੀਟਿੰਗ ਵਿੱਚ ਵਿਚਾਰ ਹੋਣਾ ਚਾਹੀਦਾ ਹੈ ਨਾ ਕਿ ਇਸ ਬੋਰਡ ਦੀ ਮੀਟਿੰਗ ਵਿੱਚ ਕਿਉਂ ਜੋ ਪਲਾਟ ਉਸ ਬੋਰਡ ਦਾ ਹੈ ਅਤੇ ਇਸ ਬੋਰਡ ਵੱਲੋਂ ਸਿਰਫ ਕਰਜ਼ਾ ਦਿੱਤਾ ਜਾ ਰਿਹਾ ਹੈ।

ਉਪਰੋਕਤ ਤੱਥਾਂ ਨੂੰ ਧਿਆਨ ਵਿੱਚ ਰਖਦੇ ਹੋਏ ਫੈਸਲਾ ਹੋਇਆ ਕਿ ਇਸ ਬੋਰਡ ਪਾਸੋਂ ਕਰਜੇ ਦੀ ਰਕਮ ਲੈਕੇ ਭਵਨ ਦੀ ਉਸਾਰੀ ਕਰਨ ਬਾਰੇ ਫੈਸਲਾ ਪੰਜਾਬ ਲੇਬਰ ਵੈਲਫੇਅਰ ਬੋਰਡ ਦੀ ਪੱਧਰ ਤੇ ਲਿਆ ਗਿਆ ਹੈ ਜਾ ਨਹੀਂ. ਇਸ ਬਾਰੇ ਵੀ ਰਪੋਟ ਪ੍ਰਾਪਤ ਕੀਤੀ ਜਾਵੇ ਅਤੇ ਉਪਰਲੇ ਪੈਰੇ ਵਿੱਚ ਦਰਜ਼ ਤੱਥਾਂ ਅਨੁਸਾਰ ਕਾਰਵਾਈ ਕਰਨ ਉਪਰੰਤ ਹੀ ਅਗਲੇ ਕਦਮ ਚੁੱਕੇ ਜਾਣ ਕਿਉਂਕਿ ਮੈਬਰਾਂ ਦੀ ਰਾਏ ਅਨੁਸਾਰ ਇਸ ਭਵਨ ਦੀ ਉਸਾਰੀ ਤੇ ਲਗਭੱਗ 7-੮ ਕਰੋੜ ਦਾ ਖਰਚਾ ਆਉਣ ਦਾ ਅਨੁਮਾਨ ਹੈ ਅਤੇ ਉਸਾਰੀ ਕਰਨ ਤੇ 1-2 ਸਾਲ ਤੱਕ ਦਾ ਸਮਾਂ ਲਗ ਸਕਦਾ ਹੈ।

5. ਕਿਰਤ ਕਮਿਸ਼ਨਰ ਜੀ ਵੱਲੋਂ ਦਸਿਆ ਗਿਆ ਕਿ ਪਿਛਲੀ ਮੀਟਿੰਗ ਵਿੱਚ ਵਧੀਕ ਕਿਰਤ ਕਮਿਸ਼ਨਰ ਅਤੇ ਕਿਰਤ ਕਮਿਸ਼ਨਰ ਨੂੰ ਬੋਰਡ ਦਾ ਵਾਧੂ ਕੰਮਕਾਜ ਕਰਨ ਲਈ ਮਾਨਭੱਤਾ ਦੇਣ ਬਾਰੇ ਲਏ ਫੈਸਲੇ ਤੇ ਮੁੜ ਵਿਚਾਰ ਕੀਤਾ ਜਾ ਰਿਹਾ ਹੈ ਇਸ ਲਈ ਹਾਲ ਦੀ ਘੜੀ ਇਨ੍ਹਾਂ ਅਧਿਕਾਰੀਆਂ ਵੱਲੋਂ ਮਾਨ-ਭੱਤਾ ਲੈਣਾ ਬੰਦ ਕੀਤਾ ਹੈ।

6. ਬੋਰਡ ਲਈ ਉਗਰਾਹੀ ਕੀਤੇ ਸੈਸ ਦੀ ਰਕਮ ਵਿੱਚੋਂ 1% ਸੈਸ ਵਸੂਲੀ ਅਫਸਰ ਨੂੰ ਸਰਕਾਰੀ ਵਾਹਨ ਦੇ ਡਰਾਇਵਰ,ਡੀਜਲ ਅਤੇ ਦਫਤਰ ਦੇ ਸਾਜੋ-ਸਮਾਨ ਦੀ ਖ੍ਰੀਦ ਲਈ ਦਿੱਤੀ ਪ੍ਰਵਾਨਗੀ ਦੇ ਫੈਸਲੇ ਤੇ ਪੁਨਰ ਵਿਚਾਰ ਕਰਦੇ ਹੋਏ ਕੀਤੀ ਜਾਣ ਵਾਲੀ ਕਾਰਵਾਈ ਨੂੰ ਪ੍ਰਵਾਨ ਨਹੀਂ ਕੀਤਾ ਗਿਆ ਕਿਉਂ ਜੋ ਅਜਿਹਾ ਕਰਨ ਲਈ ਪਹਿਲਾਂ ਵਿੱਤ ਵਿਭਾਗ ਤੋਂ ਇੱਕ ਵਖਰਾ ਹੈਡ ਬਣਵਾਉਣਾ ਜ਼ਰੂਰੀ ਹੋਵੇਗਾ।ਬੋਰਡ ਵੱਲੋਂ ਫੈਸਲਾ ਕੀਤਾ ਗਿਆ ਕਿ ਗੱਡੀ ਆਦਿ ਦੇ ਰੱਖ-ਰਖਾਵ ਦਾ ਖਰਚਾ ਬੋਰਡ ਵੱਲੋਂ ਅਲਗ ਤੌਰ ਤੇ ਦਿੱਤਾ ਜਾਵੇਗਾ।

7. ਬੋਰਡ ਵਲੋਂ ਵਸੂਲੀ ਜਾ ਰਹੀ ਸੈਸ ਦੀ ਰਕਮ ਤੇ ਵੱਧ ਤੋਂ ਵੱਧ ਵਿਆਜ ਲੈਣ ਦੇ ਉਦੇਸ਼ ਨਾਲ ਬੈਂਕਾ ਵਿੱਚ ਰਾਸ਼ੀ ਨਿਵੇਸ਼ ਕਰਨ ਸਬੰਧੀ ਕੀਤੀ ਜਾ ਰਹੀ ਕਾਰਵਾਈ ਤੇ ਪ੍ਰਮੁੱਖ ਸਕੱਤਰ ਕਿਰਤ ਜੀ ਵੱਲੋਂ ਰਾਏ ਦਿੱਤੀ ਗਈ ਕਿ ਹਾਲ ਹੀ ਵਿੱਚ ਰਿਜਰਵ ਬੈਂਕ ਆਫ ਇੰਡੀਆ ਵੱਲੋਂ ਬੈਂਕਾ ਵਿੱਚ ਬੋਰਡ/ਕਾਰਪੋਰੇਸ਼ਨਾਂ ਦੀ ਪੂੰਜੀ ਨਿਵੇਸ਼ ਕਰਨ ਸਬੰਧੀ ਜੋ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ ਕਿ ਸਿਰਫ ਨੈਸ਼ਨਲਾਈਜ਼ਡ ਬੈਂਕਾ ਵਿੱਚ ਹੀ ਰਕਮ ਰੱਖੀ ਜਾਵੇ ਉਨ੍ਹਾਂ ਵੱਲੋਂ ਦਸਿਆ ਗਿਆ ਕਿ ਫੋਰੈਸਟ ਵਿਭਾਗ ਵੱਲੋਂ ਵੀ ਆਪਣੀ ਪੂੰਜੀ ਦਾ ਬੈਂਕਾ ਵਿੱਚ ਨਿਵੇਸ਼ ਕੀਤਾ ਗਿਆ ਹੈ ਉਨ੍ਹਾਂ ਤੋਂ ਵੀ ਇਸ ਸਬੰਧੀ ਜਾਣਕਾਰੀ ਲੈ ਲਈ ਜਾਵੇ ਅਤੇ ਤਜਵੀਜ਼ ਮਾਨਯੋਗ ਕਿਰਤ ਮੰਤਰੀ/ਚੇਅਰਮੈਨ ਜੀ ਨੂੰ ਪੇਸ਼ ਕੀਤੀ ਜਾਵੇ।

8. ਲਾਭ-ਪਾਤਰੀ ਰਜਿਸਟਰ ਕਰਨ ਦੇ ਕੰਮ ਨੂੰ ਸਰਲ ਕਰਨ ਲਈ ਨਿਯਮਾਂ ਵਿੱਚ ਸੋਧ ਬਾਰੇ ਕਾਰਵਾਈ ਸਬੰਧੀ ਚੇਅਰਮੇਨ ਜੀ ਵੱਲੋਂ ਆਦੇਸ਼ ਦਿੱਤੇ ਗਏ ਕਿ ਰੂਲ 260 (3) ਵਿੱਚ ਲੋੜੀਂਦੀ ਸੋਧ ਦੇ ਨਾਲ-ਨਾਲ ਫਾਰਮਾਂ ਵਿੱਚ ਕਾਲਮਾਂ ਬਾਰੇ ਵੀ ਲੋੜੀਂਦੀ ਸੋਧ ਕਰਵਾ ਲਈ ਜਾਵੇ।

9. ਕੌਮੀ ਪੇਂਡੂ ਰੋਜਗਾਰ ਗਰੰਟੀ ਸਕੀਮ ਅਧੀਨ ਕਾਮਿਆਂ ਦੀ ਬਤੌਰ ਲਾਭਪਾਤਰੀ ਰਜਿਸਟ੍ਰੇਸ਼ਨ ਸਬੰਧੀ ਮਾਨਯੋਗ ਚੇਅਰਮੈਨ ਜੀ ਵੱਲੋਂ ਮੁੜ ਇਹ ਆਦੇਸ਼ ਦਿੱਤੇ ਗਏ ਕਿ ਰਾਜ ਦੇ ਸਾਰੇ ਸਹਾਇਕ ਕਿਰਤ ਕਮਿਸ਼ਨਰ/ਕਿਰਤ ਤੇ ਸੁਲਾਹ ਅਫਸਰਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣ ਕਿ ਉਹ ਆਪਣੇ ਜਿਲੇ ਦੇ

ਸਬੰਧਤ ਬਲਾਕ ਪੰਚਾਇਤ ਅਫਸਰਾਂ/ਕਾਰਜ ਸਾਧਕ ਅਫਸਰਾਂ ਅਤੇ ਬਿਜਲੀ ਮਹਿਕਮੇ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨਾਲ ਸੰਪਰਕ ਕਰਕੇ ਉਨ੍ਹਾਂ ਪਾਸ ਨਰੇਗਾ ਸਕੀਮ ਅਧੀਨ ਰਜਿਸਟਰਡ ਉਸਾਰੀ ਕਾਮਿਆਂ ਦੀਆਂ ਸੂਚੀਆਂ ਪ੍ਰਾਪਤ ਕਰਕੇ 10 ਦਿਨਾਂ ਦੇ ਅੰਦਰ-ਅੰਦਰ ਬੋਰਡ ਦੇ ਦਫਤਰ ਵਿੱਚ ਭਿਜਵਾਉਣ ਅਤੇ ਉਸਾਰੀ ਕਾਮਿਆਂ ਨੂੰ ਬੋਰਡ ਦੇ ਲਾਭਪਾਤਰੀ ਵਜੋਂ ਰਜਿਸਟਰ ਵੀ ਕਰਨ।

10. ਲਾਭਪਾਤਰੀ ਰਜਿਸਟਰ ਕਰਨ ਦੇ ਕੰਮ ਵਿੱਚ ਗਤੀ ਲਿਆਉਣ ਲਈ ਉਸਾਰੀ ਕਾਮਿਆਂ ਨੂੰ ਰਜਿਸਟਰੇਸ਼ਨ ਫੀਸ ਅਤੇ ਅੰਸ਼ਦਾਨ ਤੋਂ ਪਹਿਲਾਂ ਦਿੱਤੀ ਛੋਟ 31.12.2010 ਤੱਕ ਜਾਰੀ ਰਖਣ ਦੀ ਪ੍ਰਵਾਨਗੀ ਦਿੱਤੀ ਗਈ।

11. ਪੰਜਾਬ ਰਾਜ ਦੇ ਜਿਲਿਆਂ ਵਿਖੇ ਉਸਾਰੀ ਕਾਮਿਆਂ ਲਈ ਸ਼ੈਡਾਂ ਬਾਰੇ ਜੋ ਖਾਸ ਪ੍ਰਗਤੀ ਨਹੀ ਹੋ ਰਹੀ ਹੈ ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਫੈਸਲਾ ਕੀਤਾ ਗਿਆ ਕਿ ਇਸ ਬਾਰੇ ਰਾਜ ਦੀਆਂ ਮਿਊਂਸਪਲ ਕਾਰਪੋਰੇਸ਼ਨਾਂ ਅਤੇ ਮਿਊਂਸਪਲ ਕਮੇਟੀਆਂ ਨੂੰ ਲਿਖਤੀ ਰੂਪ ਸਹਿਯੋਗ ਦੇਣ ਲਈ ਬੇਨਤੀ ਕੀਤੀ ਜਾਵੇ।

12. ਭੱਠਾ ਮਜ਼ਦੂਰਾਂ ਬਾਰੇ ਮੈਂਬਰਾਂ ਨੂੰ ਸੂਚਿਤ ਕੀਤਾ ਗਿਆ ਕਿ ਇਹ ਮਜ਼ਦੂਰ ਫੈਕਟਰੀ ਐਕਟ ਦੇ ਤਾਬੇ ਆਉਂਦੇ ਹਨ ਨਾ ਕਿ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ (ਰੈਗੂਲੇਸ਼ਨ ਆਫ ਇੰਪਲਾਈਮੈਂਟ ਐਂਡ ਕੰਡੀਸ਼ਨਜ਼ ਆਫ ਸਰਵਿਸ) ਐਕਟ, 1996 ਅਧੀਨ ਆਉਂਦੇ ਹਨ ਇਸ ਲਈ ਇਨ੍ਹਾਂ ਨੂੰ ਇਸ ਐਕਟ ਅਧੀਨ ਕਵਰ ਨਹੀਂ ਕੀਤਾ ਜਾ ਸਕਦਾ।

**ਆਇਟਮ ਨੰ: 3: ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੇ ਸਾਲ 2008-09 ਅਤੇ 2009-10 ਦੇ ਅਸਲ ਬਜਟ ਦੀ ਕਾਰਜ ਬਾਅਦ ਪ੍ਰਵਾਨਗੀ ਅਤੇ ਸਾਲ 2010-2011 ਦੇ ਅਨੁਮਾਨਤ ਬਜਟ ਦੀ ਪ੍ਰਵਾਨਗੀ ਬਾਰੇ।**

ਬੋਰਡ ਦੇ ਵਲੋਂ ਸਾਲ 2008-2009 ਅਤੇ 2009-2010 ਦੇ ਅਸਲ ਬੱਜਟ ਨੂੰ ਕਾਰਜ ਬਾਅਦ ਪ੍ਰਵਾਨਗੀ ਅਤੇ ਸਾਲ 2010-2011 ਦੇ ਅਨੁਮਾਨਤ ਬੱਜਟ ਵੀ ਪ੍ਰਵਾਨ ਕੀਤੇ ਗਏ।

**ਆਇਟਮ ਨੰ: 4: ਬੋਰਡ ਦੇ ਲਾਭਪਾਤਰੀ ਰਜਿਸਟਰ ਕਰਨ ਦੇ ਕੰਮ ਵਿੱਚ ਗਤੀ ਲਿਆਉਣ ਲਈ ਉਸਾਰੀ ਕਾਮਿਆਂ ਦੀ ਰਜਿਸਟਰੇਸ਼ਨ ਫੀਸ ਅਤੇ ਅੰਸ਼ਦਾਨ ਦੀ ਰਕਮ ਤੋਂ ਦਿੱਤੀ ਛੋਟ ਦੇ ਸਮੇਂ ਵਿੱਚ ਹੋਰ ਵਾਧਾ ਕਰਨ ਬਾਰੇ ਅਤੇ ਇਸ ਛੋਟ ਦੇ ਸਮੇਂ ਦੌਰਾਨ ਬੋਰਡ ਵਲੋਂ ਲਾਭਪਾਤਰੀਆਂ ਨੂੰ ਦਿੱਤੇ ਇਸ ਲਾਭ ਨੂੰ ਬਤੌਰ ਇਕ "ਵੈਲਫੇਅਰ ਸਕੀਮ" ਤਸਵੁੱਰ ਕਰਨ ਬਾਰੇ।**

ਇਸ ਆਇਟਮ ਨੂੰ ਅਗਲੀ ਮੀਟਿੰਗ ਵਿੱਚ ਵਿਚਾਰਨ ਲਈ ਫੈਸਲਾ ਕੀਤਾ ਗਿਆ।

**ਆਇਟਮ ਨੰ 5: ਬੋਰਡ ਦੇ ਕੰਮਕਾਜ ਲਈ ਸਹਾਇਕ ਕਿਰਤ ਕਮਿਸ਼ਨਰ ਮੋਗਾ ਦੇ ਦਫਤਰ ਲਈ ਇਕ ਹੋਰ ਸੇਵਾਦਾਰ ਦੀ ਅਸਾਮੀ ਦੀ ਕਾਰਜਬਾਅਦ ਪ੍ਰਵਾਨਗੀ ਅਤੇ ਪਹਿਲਾਂ 3 ਮਹੀਨੇ ਲਈ ਰੱਖੇ ਗਏ 45 ਸਹਾਇਕ-ਕਮ-ਕੰਪਿਊਟਰ-ਉਪਰੇਟਰ ਦੀਆਂ ਸੇਵਾਵਾਂ ਫੀਲਡ ਲਈ ਹੋਰ ਵਧਾਉਣ ਦੀ ਪ੍ਰਵਾਨਗੀ ਤੋਂ ਇਲਾਵਾ ਸਹਾਇਕ ਕਿਰਤ ਕਮਿਸ਼ਨਰ ਹੁਸ਼ਿਆਰਪੁਰ ਦੇ ਦਫਤਰ ਲਈ ਬੋਰਡ ਦੇ ਕੰਮਕਾਜ ਸਬੰਧੀ ਦੋ ਹੋਰ ਸੇਵਾਦਾਰ ਅਤੇ ਇੱਕ ਸਹਾਇਕ ਕਮ ਕੰਪਿਊਟਰ ਉਪਰੇਟਰ ਰੱਖਣ ਦੀ ਪ੍ਰਵਾਨਗੀ ਦੇਣ ਬਾਰੇ।**

ਬੋਰਡ ਵਲੋਂ ਸਹਾਇਕ ਕਿਰਤ ਕਮਿਸ਼ਨਰ ਮੋਗਾ ਦੇ ਦਫਤਰ ਲਈ ਰਖੇ ਇਕ ਸੇਵਾਦਾਰ (ਸਰਵਿਸ ਪ੍ਰੋਵਾਈਡਰ ਰਾਹੀਂ) ਦੀ ਕਾਰਜ ਬਾਅਦ ਪ੍ਰਵਾਨਗੀ ਦਿੱਤੀ ਗਈ। ਇਸਤੋਂ ਇਲਾਵਾ ਫੀਲਡ ਅਧਿਕਾਰੀਆਂ ਲਈ ਪਹਿਲਾਂ ਪ੍ਰਵਾਨ ਕੀਤੀਆਂ 45 ਸਹਾਇਕ-ਕਮ-ਕੰਪਿਊਟਰ ਦੀਆਂ ਅਸਾਮੀਆਂ ਦੀ ਮਿਆਦ ਵੀ ਮਿਤੀ 31.12.2010 ਤੱਕ ਵਧਾਉਣ ਦਾ ਫੈਸਲਾ ਕੀਤਾ ਗਿਆ।

ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਸਹਾਇਕ ਕਿਰਤ ਕਮਿਸ਼ਨਰ ਹੁਸ਼ਿਆਰਪੁਰ ਦੇ ਦਫਤਰ ਲਈ ਹੋਰ ਸਹਾਇਕ-ਕਮ-ਕੰਪਿਊਟਰ ਅਤੇ ਦੋ ਹੋਰ ਸੇਵਾਦਾਰ ਬਾਰੇ ਘੋਖ ਕੇ ਮੁੜ ਵਿਚਾਰਨ ਲਈ ਅਗਲੀ ਮੀਟਿੰਗ ਵਿੱਚ ਪੇਸ਼ ਕੀਤਾ ਜਾਵੇ।

**ਆਇਟਮ ਨੰ: 6 ਬੋਰਡ ਦੀ ਕੈਸ਼ ਬੁੱਕ ਅਤੇ ਆ ਰਹੇ ਸੈਸ ਦਾ ਹਿਸਾਬ-ਕਿਤਾਬ ਰੱਖਣ ਲਈ ਦੋ ਲੇਖਾਕਾਰ ਦੀ ਭਰਤੀ ਠੇਕਾ ਪ੍ਰਣਾਲੀ ਰਾਹੀਂ ਕਰਨ ਅਤੇ ਸਦਰ ਦਫਤਰ ਵਿੱਖੇ ਦੋ ਹੋਰ ਸਹਾਇਕ-ਕਮ-ਕੰਪਿਊਟਰ-ਉਪਰੇਟਰ ਅਤੇ ਦੋ ਹੋਰ ਸੇਵਾਦਾਰ ਸਰਵਿਸ ਪ੍ਰੋਵਾਈਡਰ ਰਾਹੀਂ ਭਰਤੀ ਕਰਨ ਬਾਰੇ।**

ਬੋਰਡ ਵੱਲੋਂ ਸਦਰ ਦਫਤਰ ਵਿਖੇ ਕੰਮਕਾਜ ਦੀ ਲੋੜ ਅਨੁਸਾਰ ਤਜਵੀਜਤ ਦੋ ਲੇਖਾਕਾਰ ਦੀ ਭਰਤੀ ਸਬੰਧੀ ਮੁੜ ਵਿਚਾਰ ਕੇ ਅਗਲੀ ਮੀਟਿੰਗ ਵਿੱਚ ਵਿਚਾਰਨ ਹਿਤ ਪੇਸ਼ ਕਰਨ ਲਈ ਕਿਹਾ ਗਿਆ।

**ਆਈਟਮ ਨੰ: 7: ਉਸਾਰੀ ਅਧੀਨ ਅਦਾਰਿਆਂ ਵਿੱਖੇ ਉਸਾਰੀ ਕਿਰਤੀਆਂ ਲਈ ਚਲਦੇ-ਫਿਰਦੇ ਪਖਾਨੇ (Mobiles Toilets) ਦੀ ਸੁਵਿੱਧਾ ਦੇਣ ਬਾਰੇ।**

ਬੋਰਡ ਦੇ ਸਕੱਤਰ ਜੀ ਨੇ ਪਤਵੰਤੇ ਮੈਂਬਰਾਂ ਨੂੰ ਦਸਿਆ ਕਿ ਹਾਲ ਹੀ ਬੋਰਡ ਦੇ ਸਲਾਹਕਾਰ ਵੱਲੋਂ ਜੋ ਦਖੱਣੀ ਸਟੇਟਾਂ ਦਾ ਦੌਰਾ ਕੀਤਾ ਗਿਆ ਉਸ ਦੀ ਰੋਸ਼ਨੀ ਵਿੱਚ ਉਨ੍ਹਾਂ ਸਟੇਟਾਂ ਵਿੱਚ ਚਲਾਈਆਂ ਜਾ ਰਹੀਆਂ ਸਕੀਮਾਂ ਨੂੰ ਧਿਆਨ ਵਿੱਚ ਰਖਦੇ ਹੋਏ ਨਵੀਆਂ ਸਕੀਮਾਂ ਉਲੀਕੀਆਂ ਜਾਣੀਆਂ ਯੋਗ ਹੋਣਗੀਆਂ। ਇਸ ਨੂੰ ਧਿਆਨ ਵਿੱਚ ਰਖਦੇ ਹੋਏ ਇਹ ਅਜੰਡਾ ਆਈਟਮ ਮੁਲਤਵੀ ਕਰਨ ਦਾ ਫੈਸਲਾ ਲਿਆ ਗਿਆ।

10

**ਆਈਟਮ ਨੰ: 8:** ਉਸਾਰੀ ਅਧੀਨ ਅਦਾਰਿਆਂ ਵਿੱਖੇ ਉਸਾਰੀ ਕਿਰਤੀਆਂ ਦੇ ਮੈਡੀਕਲ ਚੈਕਅਪ ਕਰਕੇ ਡਾਕਟਰੀ ਸਹਾਇਤਾ ਅਤੇ ਦਵਾਈਆਂ ਦੇਣ ਦੇ ਪ੍ਰਬੰਧ ਲਈ ਮੋਬਾਇਲ ਮੈਡੀਕਲ ਯੂਨਿਟ ਸਥਾਪਤ ਕਰਨ ਬਾਰੇ।

ਆਈਟਮ ਨੰ 7 ਵਿੱਚ ਦਰਜ਼ ਫੈਸਲੇ ਅਨੁਸਾਰ।

**ਸਪਲੀਮੈਂਟਰੀ ਆਇਟਮ ਨੰ: 1** ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ ਵੈਲਫੇਅਰ ਬੋਰਡ ਦਾ ਅਕਾਉਂਟ ਉਪਰੇਟ ਕਰਨ ਬਾਰੇ।

ਇਹ ਅਜੰਡਾ ਆਈਟਮ ਪ੍ਰਵਾਨ ਕਰਦੇ ਹੋਏ ਇਹ ਵੀ ਫੈਸਲਾ ਲਿਆ ਗਿਆ ਕਿ ਅਧਿਕਾਰ ਸਲਾਹਕਾਰ ਅਤੇ ਲੇਖਾ ਅਫਸਰ ਦੀ ਬਜਾਏ ਸਲਾਹਕਾਰ ਅਤੇ ਡਿਪਟੀ ਸੈਕਟਰੀ ਬੋਰਡ ਨੂੰ ਸਾਂਝੇ (Joint) ਦਿੱਤੇ ਜਾਣ।

**ਸਪਲੀਮੈਂਟਰੀ ਆਈਟਮ ਨੰ: 2** ਉਸਾਰੀ ਕਾਮਿਆਂ ਨੂੰ ਲਾਭਪਾਤਰੀਆਂ ਦੇ ਸਨਾਖਤੀ ਕਾਰਡ ਬਣਾਉਣ ਲਈ ਉਨ੍ਹਾਂ ਦੀ ਫੋਟੋਆਂ ਖਿਚਣ ਲਈ ਡਿਜੀਟਲ ਕੈਮਰਿਆਂ ਦੀ ਖ੍ਰੀਦ ਕਰਨ ਬਾਰੇ।

ਇਸ ਆਇਟਮ ਤੇ ਕਾਫੀ ਵਿਚਾਰ-ਵਟਾਂਦਰੇ ਉਪਰੰਤ ਬੋਰਡ ਵਲੋਂ ਸਰਵਸਮੰਤੀ ਨਾਲ ਕਿਰਤ ਕਮਿਸ਼ਨਰ-ਕਮ-ਸਕੱਤਰ ਨੂੰ ਅਧਿਕਾਰ ਦਿੱਤੇ ਗਏ ਕਿ ਉਹ ਡਿਜੀਟਲ ਕੈਮਰੇ ਬਣਾਉਣ ਵਾਲੀਆਂ ਚਾਰ ਕੰਪਨੀਆਂ, ਫੂਜੀ ਫਿਲਮਾਂ, ਕੈਨਨ, ਸੋਨੀ ਅਤੇ ਕੋਡਕ ਤੋਂ ਟੈਂਡਰ ਮੰਗ ਕੇ 23 ਬੇਸਿਕ ਕੈਮਰਿਆਂ ਦੀ ਖ੍ਰੀਦ (23 ਸਹਾਇਕ ਕਿਰਤ ਕਮਿਸ਼ਨਰਾਂ/ਕਿਰਤ ਤੇ ਸੁਲਾਹ ਅਫਸਰਾਂ ਲਈ) ਕਰ ਸਕਦੇ ਹਨ ਅਤੇ ਖੇਤਰੀ ਅਧਿਕਾਰੀਆਂ ਵਲੋਂ ਉਸਾਰੀ ਕਾਮਿਆਂ ਦੀ ਫੋਟੋਆਂ ਤਿਆਰ ਕਰਵਾਉਣ ਲਈ ਪ੍ਰਿੰਟਿੰਗ ਦੇ ਚਾਰਜਜ਼ ਦੀ ਰਕਮ ਬਾਰੇ ਪ੍ਰਵਾਨਗੀ ਉਨ੍ਹਾਂ ਦੇ ਕੰਮ ਅਨੁਸਾਰ ਬੋਰਡ ਵਲੋਂ ਦਿੱਤੀ ਜਾਵੇਗੀ।

ਮੀਟਿੰਗ ਮੈਂਬਰ ਸਾਹਿਬਾਨ ਦੇ ਧੰਨਵਾਦ ਨਾਲ ਸਮਾਪਤ ਹੋਈ।